Roll No. : .........................  Code No. : 820178-$SA_2$(M)

ਜਮਾਤ - ਅੱਠਵੀਂ

# ਵਿਸ਼ਾ - ਪੰਜਾਬੀ

SUMMATIVE ASSESSMENT - II

ਛਿਮਾਹੀ ਪ੍ਰੀਖਿਆ (2016-17)

ਸਮਾਂ - 3 ਘੰਟੇ  ਕੁੱਲ ਅੰਕ 90

**ਜ਼ਰੂਰੀ ਹਦਾਇਤਾਂ :-**

1) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
2) ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
3) ਲਿਖਾਈ ਸੁੰਦਰ ਤੇ ਸਾਫ਼ ਲਿਖੋ ।

## ਭਾਗ - ੳ (ਪਾਠ-ਪੁਸਤਕ)

1. ੳ) ਹੇਠ ਲਿਖੀਆਂ ਕਾਵਿ-ਸਤਰਾਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਉ :-

ਗੁਰੂ ਨੇ ਸਾਨੂੰ ਸਮਝਾਇਆ ਹੈ ਬਣ ਕੇ ਹਿੰਦ ਦੀ ਚਾਦਰ,
ਧਰਮ ਸਾਰੇ ਪਵਿੱਤਰ ਨੇ ਕਰੋ ਹਰ ਧਰਮ ਦਾ ਆਦਰ,
ਕੋਈ ਆਪਣੇ ਧਰਮ ਦੀ ਪਰ ਕਿਸੇ ਨੂੰ ਧੌਂਸ ਨਾ ਦੇਵੇ,
ਜਬਰ ਦੇ ਆਸੇ ਇਹ ਦੂਜਿਆ ਤੇ ਠੋਂਸ ਨਾ ਦੇਵੇ ।

1. ਪ੍ਰਸ਼ਨ - ਕਵੀ ਅਤੇ ਕਵਿਤਾ ਦਾ ਨਾਂ ਲਿਖੋ ? (2)
2. ਪ੍ਰਸ਼ਨ - ਗੁਰੂ ਜੀ ਨੇ ਕੀ ਬਣ ਕੇ ਸਾਨੂੰ ਸਮਝਾਇਆ ਹੈ ? (1)
3. ਪ੍ਰਸ਼ਨ - ਗੁਰੂ ਜੀ ਨੇ ਸਾਰੇ ਧਰਮਾਂ ਲਈ ਕਿਹੜੀ ਭਾਵਨਾ ਰੱਖਣ ਲਈ ਕਿਹਾ ? (1)
4. ਪ੍ਰਸ਼ਨ - ਕਿਸ ਦੇ ਆਸਰੇ ਤੇ ਆਪਣਾ ਧਰਮ ਦੂਜਿਆ ਤੇ ਨਹੀਂ ਠੋਸਣਾ ਚਾਹੀਦਾ ? (1)

ਅ) 'ਮੁਟਿਆਰ ਇੱਕ ਨੱਚਦੀ' ਗੀਤ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । (5)

2. ਹੇਠ ਲਿਖੇ ਪ੍ਰਸ਼ਨਾਂ ਵਿੱਚੋ **ਕਿਸੇ ਪੰਜ** ਪ੍ਰਸ਼ਨਾਂ ਦੇ ਉੱਤਰ ਤੀਹ-ਪੈਂਤੀ ਸ਼ਬਦਾਂ ਵਿੱਚ ਲਿਖੋ :-

1. ਪ੍ਰਸ਼ਨ - ਬਾਬੇ ਨੇ ਕਰਜਾ ਕਿਸ ਕੋਲੋਂ ਲਿਆ ? ਕਰਜ਼ਾ ਵੇਲੇ ਤੇ ਵਾਪਸ ਨਾ ਮਿਲਣ ਤੇ ਸ਼ਾਹੂਕਾਰ ਨੇ ਕੀ ਕੀਤਾ ?
2. ਪ੍ਰਸ਼ਨ - 'ਸੱਚ ਦੀ ਲੋਅ' ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?
3. ਪ੍ਰਸ਼ਨ - ਭੂਆ ਦੀ ਕਹਾਣੀ ਵਿੱਚ ਲੇਖਕ ਖਾਣ ਤੋਂ ਕਿਉਂ ਬਚਣਾ ਚਾਹੁੰਦਾ ਹੈ ?
4. ਪ੍ਰਸ਼ਨ - ਵੀਰ ਹਕੀਕਤ ਰਾਏ ਨੂੰ ਕਿਸ ਨੇ ਤੇ ਕਿਉਂ ਸ਼ਹੀਦ ਕੀਤਾ ?
5. ਪ੍ਰਸ਼ਨ - ਪਰਿਵਾਰ ਦੇ ਸ਼ਿਮਲਾ ਜਾਣ ਤੋਂ ਬਾਅਦ ਡੈਨਿਸ ਆਪਣਾ ਸਮਾਂ ਕਿਵੇਂ ਬਤੀਤ ਕਰਦਾ ਸੀ ?
6. ਪ੍ਰਸ਼ਨ - ਭੂਆ ਕਹਾਣੀ ਵਿੱਚ ਪੇਂਡੂ ਅਤੇ ਸ਼ਹਿਰੀ ਜੀਵਨ ਦੀ ਤੁਲਨਾ ਕਿਵੇਂ ਕੀਤੀ ਗਈ ਹੈ ?
7. ਪ੍ਰਸ਼ਨ - ਤੁਹਾਡੇ ਅਨੁਸਾਰ ਡੈਨਿਸ ਦੇ ਹਾਲ ਦਾ ਜਿੰਮੇਵਾਰ ਕੌਣ ਸੀ ਅਤੇ ਕਿਉਂ ? (2x5=10)

3. ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ਇੱਕ ਸਤਰ ਵਿੱਚ ਲਿਖੋ :-

1. ਪ੍ਰਸ਼ਨ - ਪੁਰਾਤਨ ਸਮੇਂ ਤੋਂ ਮਨੁੱਖ ਆਪਣੇ ਵਿਚਾਰਾਂ ਨੂੰ ਦੂਸਰਿਆਂ ਨਾਲ ਸਾਂਝੇ ਕਰਨ ਲਈ ਕਿਸ ਦੀ ਵਰਤੋਂ ਕਰਦਾ ਆਇਆ ਹੈ ?
2. ਪ੍ਰਸ਼ਨ - ਸਭਿਆਚਾਰ ਦਾ ਦਰਪਣ 'ਅਖਾਣ' ਪਾਠ ਦਾ ਲੇਖਕ ਕੌਣ ਹੈ ?
3. ਪ੍ਰਸ਼ਨ - ਕਰਤਾਰ ਸਿੰਘ ਸਰਾਭਾ ਦਾ ਜਨਮ ਕਿੱਥੇ ਹੋਇਆ ਸੀ ?
4. ਪ੍ਰਸ਼ਨ - ਅਖਾਣਾਂ ਵਿੱਚ ਕਿਹੜੀ ਚੀਜ਼ ਪ੍ਰਤੱਖ ਰੂਪ ਵਿੱਚ ਝਲਕਦੀ ਹੈ ?
5. ਪ੍ਰਸ਼ਨ - ਕਰਤਾਰ ਸਿੰਘ ਸਰਾਭਾ ਦੀ ਫੁਰਤੀ ਅਤੇ ਅਨੋਖੀਆਂ ਹਰਕਤਾਂ ਕਾਰਨ ਮੁੰਡਿਆਂ ਨੇ ਉਸਦਾ ਨਾਂ ਕੀ ਪਾਇਆ ਸੀ ?
6. ਪ੍ਰਸ਼ਨ - ਕਹਾਵਤਾਂ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?
7. ਪ੍ਰਸ਼ਨ - ਕਿਸ ਦੀ ਗੱਦਾਰੀ ਕਾਰਨ ਕਰਤਾਰ ਸਿੰਘ ਸਰਾਭਾ ਦੀ ਗ੍ਰਿਫਤਾਰੀ ਹੋਈ ਸੀ ?
8. ਪ੍ਰਸ਼ਨ - ਅਖਾਣਾਂ ਵਿੱਚ ਕਿਹੜੀ ਭਾਸ਼ਾ ਵਰਤੀ ਹੁੰਦੀ ਹੈ ?
9. ਪ੍ਰਸ਼ਨ - ਗਦਰ ਪਾਰਟੀ ਦੀ ਨੀਂਹ ਕਦੋਂ ਰੱਖੀ ਗਈ ?
10. ਪ੍ਰਸ਼ਨ - ਅਖਾਣ ਪੇਂਡੂਆ ਲਈ ਕਿਸ ਚੀਜ਼ ਦੇ ਬਰਾਬਰ ਹਨ ?
11. ਪ੍ਰਸ਼ਨ -ਬਰਕਲੇ ਯੂਨੀਵਰਸਿਟੀ ਵਿੱਚ ਕਰਤਾਰ ਸਿੰਘ ਸਰਾਭਾ ਦੇ ਪ੍ਰੋਫੈਸਰ ਕੌਣ ਸਨ ?
12. ਪ੍ਰਸ਼ਨ - ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਕਦੋਂ ਦਿੱਤੀ ਗਈ ? (1x12=12)

4. ਸਮਾਜ ਸੇਵਾ ਕਰਨਾ ਸਭ ਤੋਂ ਉੱਤਮ ਕਰਮ ਹੈ । ਮਦਰ ਟੈਰੇਸਾ ਦੀ ਜੀਵਨੀ ਦੇ ਅਧਾਰ ਤੇ ਸਮਾਜ ਸੇਵਾ ਬਾਰੇ ਆਪਣੇ ਵਿਚਾਰ ਲਿਖੋ । (4)

5. ੳ) ਹੇਠ ਲਿਖੇ ਸਬਦ ਕਿਸ ਨੇ ਕਿਸ ਨੂੰ ਕਹੇ :-
   1. ਪਰਨੋਟ ਉਤੇ ਤੁਹਾਡੇ ਤੋਂ ਬਿਨਾਂ ਦੋ ਗਵਾਹਾਂ ਦੇ ਦਸਤਖ਼ਤ ਹਨ ।
   2. ਮੈਨੂੰ ਆਪਣੇ ਸਿਰ ਤੋਂ ਕਰਜ਼ ਦਾ ਭਾਰ ਉਤਾਰਨ ਦੀ ਬਹੁਤ ਕਾਹਲੀ ਹੈ ।
   3. ਇਹ ਏਨੀਆਂ ਸੇਵੀਆਂ ਕੌਣ ਖਾਏਗਾ ?
   4. "ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ" ।
   5. ਐਹੀ ਕਿ ਤੁਹਾਡਾ ਨਾਂ ਬਸੰਤ ਕੌਰ ਹੈ ਤਾਂ ਤੁਸੀਂ ਖਿੜੇ ਰਹਿੰਦੇ ਹੋ । (1x5=5)

   ਅ) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-
   ਸੰਗਰਾਮ, ਸੋਝੀ, ਪ੍ਰਤੱਖ, ਬਾਂਝ (1x4=4)

## ਭਾਗ - ਅ (ਵਿਆਕਰਨ)

6. ਬਹੁਵਿਕਲਪੀ ਵਿਧੀ ਉਤੇ ਅਧਾਰਿਤ ਪੁੱਛੇ ਗਏ ਪ੍ਰਸ਼ਨਾਂ ਦੇ ਠੀਕ ਉੱਤਰ ਚੁਣ ਕੇ ਲਿਖੋ ।
   ੳ) 1. ਜਨਮ ਦਾ ਵਿਰੋਧੀ ਸ਼ਬਦ ਹੈ :-
   ੳ) ਜਨਮਦਾਤਾ ਅ) ਮੌਤ ੲ) ਜਨਮਾਂਤਰ ਸ) ਜੰਮ

2. ਰੱਜਿਆ ਦਾ ਵਿਰੋਧੀ ਸ਼ਬਦ ਹੈ :-

ੳ) ਭੁੱਖਾ ਅ) ਪੇਟੂ ੲ) ਖਾਊ ਸ) ਭਿਖਾਰੀ (1x2=2)

ਅ) 1. 'ਆਮ' ਦਾ ਸਮਾਨਾਰਥਕ ਸ਼ਬਦ ਹੈ :-

ੳ) ਖਾਸ, ਵਿਸ਼ੇਸ਼ ਅ) ਘੱਟ, ਥੋੜ੍ਹਾ ੲ) ਸਧਾਰਨ, ਮਾਮੂਲੀ ਸ) ਘੱਟ, ਊਣਾ

2. 'ਸਰਦੀ' ਦਾ ਸਮਾਨਾਰਥਕ ਸ਼ਬਦ ਹੈ :-

ੳ) ਬਰਫ਼, ਪਾਣੀ ਅ) ਕੰਬਣੀ, ਠੰਡੀ ੲ) ਯੋਗ, ਮੁਤਾਬਕ ਸ) ਠੰਡ, ਸਿਆਲ (1x2=2)

ੲ) ਬਹੁਤੇ ਸ਼ਬਦਾਂ ਲਈ ਇਕ ਸ਼ਬਦ ਚੁਣੋ :-

1. ਜੋ ਆਗਿਆ ਦਾ ਪਾਲਣ ਕਰੇ :-

ੳ) ਪਾਲਣਹਾਰ ਅ) ਬਖਸ਼ਣਹਾਰ ੲ) ਆਗਿਆਕਾਰੀ ਸ) ਚੰਗਾ

2. ਜਿਸ ਥਾਂ ਇੱਟਾਂ ਪੱਕਦੀਆ ਹਨ ।

ੳ) ਭੱਠਾ ਅ) ਚੁੱਲ੍ਹਾ ੲ) ਚੌਂਕਾ ਸ) ਅਗਨੀ (1x2=2)

ਸ) 1. 'ਲਾ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਲੰਮਾ ਅ) ਲੇਖਕ ੲ) ਲਾਇਲਾਜ ਸ) ਲੈਸ

2. 'ਮਹਾਂ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਮਨਾਹੀ ਅ) ਮਹਾਰਾਣੀ ੲ) ਮਿਠਾਈ ਸ) ਮਹਾਨੀ (1x2=2)

ਹ) 1. 'ਗਾਰ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਨਵਾਰ ਅ) ਸਵਾਰ ੲ) ਗੁਨਾਹਗਾਰ ਸ) ਫਰਾਰ

2. 'ਦਾਨੀ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਲੂਣਦਾਨੀ ਅ) ਦਾਨਵੀਰ ੲ) ਦਾਤਾ ਸ) ਰੋਸ਼ਨਦਾਨ (1x2=2)

7. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :-

ੳ) ਜਦ – ਜੱਦੀ (1x2=2)

ਅ) ਸ਼ੁਧ ਕਰਕੇ ਲਿਖੋ :-

ਬਨਾਉਣਾ, ਭਗਤਿ, ਫੈਦਾ, ਬੌਹਤ (½x4=2)

8. ਵਿਸ਼ਰਾਮ ਚਿੰਨ੍ਹ ਲਗਾਉ :-

ਵਾਹ ਤੁਸੀਂ ਤਾਂ ਕਮਾਲ ਕਰ ਦਿੱਤੀ । ਦਿਨ ਰਾਤ ਇੱਕ ਕਰਕੇ ਪੀ ਸੀ ਐਸ ਦੀ ਪ੍ਰੀਖਿਆ ਚੋਂ ਪਹਿਲਾ ਸਥਾਨ ਹਾਸਲ ਕਰ ਲਿਆ । (½x4=2)

9. ਬਰੈਕਟ ਵਿੱਚ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਵਾਕ ਵਟਾਂਦਰਾ ਕਰੋ :-

1. ਰੀਟਾ ਮਿਹਨਤ ਕਰਕੇ ਪਾਸ ਹੋ ਗਈ । (ਸਧਾਰਨ ਤੋਂ ਮਿਸ਼ਰਤ)
2. ਜਦੋਂ ਮੈਂ ਤੇਰੇ ਪਾਸ ਹੋਣ ਦੀ ਖ਼ਬਰ ਸੁਣੀ ਤਾਂ ਮੈਨੂੰ ਬਹੁਤ ਖੁਸ਼ੀ ਹੋਈ । (ਮਿਸ਼ਰਤ ਤੋਂ ਸਧਾਰਨ)
3. ਇਹ ਘਰ ਬਹੁਤ ਸੁੰਦਰ ਹੈ । (ਸਧਾਰਨ ਤੋਂ ਵਿਸਮਿਕ) (1x3=3)

10. (ੳ) ਹੇਠ ਲਿਖੇ ਮੁਹਾਵਰਿਆਂ ਵਿਚੋਂ **ਕਿਸੇ ਚਾਰ** ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ :-

1. ਖੰਡ ਖੀਰ ਹੋਣਾ
2. ਘਿਓ ਦੇ ਦੀਵੇ ਬਾਲਣੇ
3. ਛਾਪਾ ਮਾਰਨਾ
4. ਜਾਨ ਤੇ ਖੇਡਣਾ
5. ਠੁੱਠ ਵਿਖਾਉਣਾ (1x4=4)

(ਅ) ਹੇਠ ਲਿਖੇ ਅਖਾਣ ਕਿਸ ਮੌਕੇ ਤੇ ਵਰਤੇ ਜਾਂਦੇ ਹਨ :-

1. ਗਲ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ।
2. ਪਰ ਅਧੀਨ ਸੁਪਨੇ ਸੁੱਖ ਨਾਹੀ। (1x2=2)

11. ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਸ਼ਬਦਾਂ ਦੇ ਰੂਪ ਦੱਸੋ। ( ਕਿਰਿਆ, ਸੰਬੰਧਕ, ਯੋਜਕ)

ਅਧਿਆਪਕ ਨੇ ਬਲਜੀਤ ਨੂੰ ਝਿੜਕਿਆ ਕਿਉਂਕਿ ਉਹ ਜਮਾਤ ਵਿੱਚ ਮੁੰਡਿਆਂ ਨਾਲ ਖੇਡ ਰਿਹਾ ਸੀ, ਝਿੜਕਾਂ ਪੈਣ ਤੇ ਉਹ ਬਹੁਤ ਰੋਇਆ।

ਨੇ, ਨੂੰ, ਕਿਉਂਕਿ, ਨਾਲ, ਖੇਡ ਰਿਹਾ ਸੀ, ਬਹੁਤ ਰੋਇਆ। (½x6=3)

12. ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-

ਘਰ ਦੇ ਬਗੀਚੇ ਤੋਂ ਭਾਵ ਘਰ ਦੀ ਫੁਲਵਾੜੀ ਹੈ। ਘਰ ਵਿਚਲਾ ਬਗੀਚਾ ਜਿਥੇ ਘਰ ਦੀ ਸੁੰਦਰਤਾ ਵਧਾਉਂਦਾ ਹੈ ਉਥੇ ਘਰ ਨੂੰ ਕੁਦਰਤੀ ਵਾਤਾਵਰਨ ਵੀ ਪ੍ਰਦਾਨ ਕਰਦਾ ਹੈ। ਘਰ ਦੇ ਬਗੀਚੇ ਵਿੱਚ ਤਰ੍ਹਾਂ-ਤਰ੍ਹਾਂ ਦੇ ਬੂਟੇ, ਮਖਮਲੀ ਘਾਹ ਤੇ ਸਬਜ਼ੀਆਂ ਲਗਾਈਆਂ ਜਾ ਸਕਦੀਆਂ ਹਨ। ਬਜ਼ਾਰ ਵਿੱਚ ਮਿਲਣ ਵਾਲੀਆਂ ਸਬਜ਼ੀਆਂ ਉਪੱਰ ਕੀਟਨਾਸ਼ਕ ਦਵਾਈਆਂ ਦਾ ਵਧੇਰੇ ਅਸਰ ਹੁੰਦਾ ਹੈ ਪਰ ਘਰ ਦੀ ਬਗੀਚੀ ਵਿਚਲੀਆਂ ਸਬਜ਼ੀਆਂ ਤਾਜ਼ਾ ਅਤੇ ਅਨੋਖੇ ਸੁਆਦ ਵਾਲੀਆਂ ਹੁੰਦੀਆ ਹਨ। ਜੇਕਰ ਸਾਰੇ ਲੋਕ ਘਰਾਂ ਵਿੱਚ ਬਗੀਚੀ ਬਣਾ ਲੈਣ ਤਾਂ ਵਾਤਾਵਰਨ ਵਿੱਚ ਤਬਦੀਲੀ ਆ ਸਕਦੀ ਹੈ। ਜਿਹੜੇ ਘਰਾਂ ਵਿੱਚ ਥਾਂ ਨਹੀਂ ਉਹ ਲੋਕ ਘਰ ਦੀ ਛੱਤ ਜਾਂ ਵੱਡੇ ਗਮਲਿਆਂ ਵਿੱਚ ਸਬਜ਼ੀਆਂ ਉਗਾਅ ਸਕਦੇ ਹਨ।

1. ਪ੍ਰਸ਼ਨ - ਘਰ ਦੇ ਬਗੀਚੇ ਤੋਂ ਕੀ ਭਾਵ ਹੈ ?
2. ਪ੍ਰਸ਼ਨ - ਘਰ ਦੇ ਬਗੀਚੇ ਤੋਂ ਵਿੱਚ ਕੀ ਕੁਝ ਲਾਇਆ ਜਾ ਸਕਦਾ ਹੈ ?
3. ਪ੍ਰਸ਼ਨ - ਵਾਤਾਵਰਨ ਵਿੱਚ ਤਬਦੀਲੀ ਕਿਵੇਂ ਆ ਸਕਦੀ ਹੈ ?
4. ਪ੍ਰਸ਼ਨ - ਜਿਹੜੇ ਲੋਕਾਂ ਦੇ ਘਰਾਂ ਵਿੱਚ ਥਾਂ ਨਹੀਂ ਉਹ ਬਗੀਚੇ ਕਿੱਥੇ ਬਣਾ ਸਕਦੇ ਹਨ ?
5. ਪ੍ਰਸ਼ਨ - ਬਜ਼ਾਰ ਵਿੱਚ ਮਿਲਣ ਵਾਲੀਆਂ ਸਬਜ਼ੀਆਂ ਉਪੱਰ ਕਿਹੜਾ ਅਸਰ ਹੁੰਦਾ ਹੈ ? (1x5=5)

13. ਆਪਣੇ ਛੋਟੇ ਭਰਾ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਣਾਦਾਇਕ ਪੱਤਰ ਲਿਖੋ। (6)

14. **ਕਿਸੇ ਇੱਕ** ਵਿਸ਼ੇ ਤੇ (150-200 ਸ਼ਬਦਾਂ ਵਿੱਚ) ਲੇਖ ਲਿਖੋ :-

1. ਇੰਟਰਨੈਟ
2. ਸਮਾਜ ਵਿੱਚ ਔਰਤ ਦਾ ਸਥਾਨ (6)